ਪੈਣਗੇ ਵੈਣ ਡੂੰਘੇ

(ਪਿੰਡ ਦੇ ਕਿਸਾਨ ਦੇ ਘਰ ਦਾ ਵਿਹੜਾ, ਇਕ ਖੂੰਜੇ ਵਿਚ ਹਲ਼ ਪੰਜਾਲੀ ਰੱਖੇ ਹੋਏ ਨਜ਼ਰੀ ਪੈਂਦੇ ਹਨ। ਤਾਈ ਜਰਨੈਲੋ ਬੈਠੀ ਸਾਗ ਚੀਰ ਰਹੀ ਹੈ। ਬਾਹਰੋਂ ਤਾਇਆ ਰਾਮਗੋਪਾਲ ਸਿੰਘ ਆਉਂਦਾ ਹੈ। ਪਿੰਡ ਵਿਚ ਉਸਨੂੰ ਪਾਲਾ ਸਿੰਘ ਦੇ ਨਾਂ ਤੋਂ ਜਾਣਿਆ ਜਾਂਦਾ ਹੈ।)

ਪਾਲਾ ਸਿੰਘ : (ਆਪਣੇ ਮਜਾਕੀਆ ਸੁਭਾਅ 'ਚ) ਓ ਕੁੰਡਾ ਖੋਲ੍ਹ ਬਸੰਤਰੀਏ ਤੇਰਾ ਢੋਲ ਸ਼ਰਾਬੀ ਆਇਆ। (ਬਾਹਰੋਂ ਕੁੰਡਾ ਖੜਕਾਉਂਦਾ ਹੈ)

ਤਾਈ ਜਰਨੈਲੋ : (ਕੁੰਡਾ ਖੋਲ੍ਹਦੀ ਹੈ) ਸਾਰੀ ਜੂਨ ਭੋਗ ਲੀ ਬਿੰਦਰ ਦੇ ਬਾਪੂ ਪਰ ਤੇਰੀ ਆਹ ਬਾਣ ਨੀ ਗਈ ਮਰਾਸੀਆਂ ਵਾਲੀ।

ਪਾਲਾ ਸਿੰਘ : ਓ ਮੇਰੀਏ ਭਾਗਭਰੀਏ ਬਾਰਿਸ ਸ਼ਾਹ ਜੀ ਕਹਿ ਗਏ ਨੇ ਕਿ ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ (ਮੰਜੇ ਤੇ ਬੈਠਦਾ ਹੋਇਆ) ਲਿਆ ਪੁੱਤ ਬਿੰਦਰ ਜਲ ਵਾਹਿਗੁਰੂ ।

ਬਿੰਦਰ : (ਘੜੇ 'ਚੋਂ ਪਾਣੀ ਦਾ ਗਿਲਾਸ ਭਰ ਲਿਆਉਂਦੀ ਹੈ) ਲੈ ਬਾਪੂ ਤੇਰਾ ਜਲ ਵਾਹਿਗੁਰੂ ।

ਪਾਲਾ ਸਿੰਘ : ਪਾਣੀ ਫੜਦਾ ਹੈ ਓ ਤੂੰ ਮਜਾਕ ਮੰਨਦੀ ਆ ਮਾਂ ਦੀਏ ਧੀਏ। ਆਣ ਵਾਲੇ ਸਮੇਂ 'ਚ ਵੇਖੀ ਇਸ ਜਲ ਵਾਹਿਗੁਰੂ ਦੀ ਕੀਮਤ। ਮਾਵਾਂ ਨੇ ਬੱਚਿਆਂ ਨੂੰ ਰੋਂਦੇ ਵੇਖ, ਹੇਠਾਂ ਕੌਲੀ ਕਰ ਲੈਣੀ ਆ ਕਿ ਬੂੰਦ ਬੂੰਦ ਕੀਮਤੀ ਆ।

ਬਿੰਦਰ : (ਹੱਸਦੀ ਹੋਈ) ਹੈਂ ਬਾਪੂ ਧਰਤੀ ਤੇ 70 ਫੀਸਦੀ ਪਾਣੀ ਦੁਨੀਆਂ ਡੁੱਬ-ਡੁੱਬ ਮਰਦੀ ਪਈ ਆ, ਤੁਸੀਂ ਕਹਿੰਦੇ ਹੋ ਇਹ ਘਟਦਾ ਜਾ ਰਿਹਾ।

ਪਾਲਾ ਸਿੰਘ : ਨੀ ਧੀਏ ਰਾਣੀਏ ਜਿੰਵੇ ਬੰਦੇ ਕਈ ਤਰ੍ਹਾਂ ਦੇ ਹੁੰਦੇ ਨੇ ਕਈ ਵਰਤਣ

ਵਾਲੇ, ਕਈ ਨਾ ਵਰਤਣ ਵਾਲੇ (ਜਰਨੈਲੋ ਵੱਲ ਹੱਥ ਕਰਕੇ) ਇਸੇ ਤਰ੍ਹਾਂ ਪਾਣੀ ਨੇ

ਬਿੰਦਰ : (ਹੱਸਦੀ ਹੈ ਅਤੇ ਸਟੇਜ 'ਤੇ ਇਕ ਹੋਰ ਬੰਦਾ ਹੱਥਾਂ 'ਚ ਅੰਗੂਰਾਂ ਦਾ ਲਿਫ਼ਾਫਾ ਲਈ ਪ੍ਰਵੇਸ਼ ਕਰਦਾ ਹੈ।)

ਅਵਤਾਰ : ਉਹ ਕਿਆ ਬਾਤਾਂ ਬਈ, ਆਜ ਦਿਨ ਹੈ ਪਾਨੀ ਪਾਨੀ ।ਪਾਲਾ ਸਿੰਘ ਖੜ੍ਹਾ ਹੋ ਕੇ ਹੱਥ ਮਿਲਾਉਂਦਾ ਹੈ ਸਤਿ ਸ੍ਰੀ ਅਕਾਲ ਫੁੱਫੜ ਜੀ (ਬਿੰਦਰ ਦਾ ਸਿਰ ਪਲੋਸਦਾ ਹੈ ਅਤੇ ਅੰਗੂਰਾਂ ਵਾਲਾ ਲਿਫ਼ਾਫਾ ਉਹਨੂੰ ਫੜਾਉਂਦਾ ਹੈ।)

ਜਰਨੈਲੋ : ਆ ਜਾ ਵੇ ਵੀਰਾ ਜਿਉਂਦਾ ਰਹੇ।(ਬਿੰਦਰ ਪਾਣੀ ਲੈ ਕੇ ਆਉਂਦੀ ਹੈ ਅਤੇ ਜਰਨੈਲ ਕੁਰ ਸਾਗ ਲੈ ਕੇ ਅੰਦਰ ਚਲੀ ਜਾਂਦੀ ਹੈ।)

ਪਾਲਾ ਸਿੰਘ : ਆ ਬਈ ਪ੍ਰਾਹੁਣਿਆਂ, ਈਦ ਦਾ ਚੰਨ ਹੋ ਗਿਆ ਬਈ ਤੂੰ ਤਾਂ।

ਪਾਲਾ ਸਿੰਘ : ਹੋਰ ਘਰ ਪਰਿਵਾਰ ਕਿਵੇਂ ਨੇ ਰਿਸ਼ਤੇਦਾਰ ਸਾਹਿਬ

ਅਵਤਾਰ : ਸਭ ਵਧੀਆਂ ਨੇ ਜੀ ।

ਪਾਲਾ ਸਿੰਘ : ਖੇਤੀਬਾੜੀ ?

ਅਵਤਾਰ : ਬਸ ਸਭ ਕਿਰਪਾ ਜੀ ਮਾਲਿਕ ਦੀ ।

ਪਾਲਾ ਸਿੰਘ : ਲਿਆ ਮੈ ਬੁਲਾਵਾਂ ਜੱਸੇ ਨੂੰ (ਆਵਾਜ਼ਾਂ ਮਾਰਦਾ ਹੈ) ਜੱਸੇ ਓ ਜੱਸੇ (ਜੱਸਾ ਆਉਂਦਾ ਹੈ ਅਤੇ ਪੈਰੀ ਪੈਂਦਾ ਹੈ)

ਪਾਲਾ ਸਿੰਘ : ਓ ਪੈਂਰੀ ਤਾਂ ਪੈ ਜਾ, ਪਰ ਛੇਤੀ ਉਠ ਵੀ ਜਾਈਂ । ਜਾਹ ਆਪਣੇ ਤਾਏ ਰੌਣਕੀ ਕੋਲ, ਲਿਆ ਪਹਿਲੇ ਤੋੜ ਦੀ।

ਅਵਤਾਰ : (ਝੂਠੀ ਨਾ-ਨੁੱਕਰ ਕਰਦਾ ਹੋਇਆ) ਉਹ ਨਾ ਨਾ ਪਾਲਾ ਸਿਆਂ ਰਹਿਣ ਦੇ ਅੱਜ ਤਾਂ ਉਂਈ ਵੀਰਵਾਰ ਹੈ ।

ਪਾਲਾ ਸਿੰਘ : ਉਹ ਪ੍ਰਾਹੁਣਿਆਂ ਵੀਰਵਾਰ ਤਾਂ ਉਈਂ ਵੀਰਾਂ, ਸੂਰਬੀਰਾਂ ਦਾ ਦਿਨ ਹੁੰਦਾ ਅੱਜ ਦੇ ਦਿਨ ਨੀ ਨਾ ਕਰੀਦੀ ਹੁੰਦੀ।

ਅਵਤਾਰ : ਚਲ ਵੇਖ ਲੈ ਫੇਰ, ਹੋ ਜੂ ਕੰਮ ਲੋਟ ।

ਜਰਨੈਲੋ : ਤੁਸੀਂ ਆਪ ਹੀ ਲਿਆਂਦੇ, ਜਵਾਕ ਨੂੰ ਕਿਉਂ ਭੇਜਦੋ ਓ।

ਪਾਲਾ ਸਿੰਘ : ਤੂੰ ਚੁੱਪ ਕਰ ਜਵਾਕ ਦੀ ਲਗਦੀ। (ਪਾਲਾ ਮੰਜਾ ਡਾਹੁੰਦਾ ਹੈ ਅਤੇ ਬਿੰਦਰ ਫੁੱਫੜ ਲਈ ਸਰਹਾਣਾ ਲੈ ਕੇ ਆਉਂਦੀ ਹੈ।)

ਜੱਸਾ : (ਰੌਣਕੀ ਨੂੰ ਨੋਟ ਫੜਾਉਂਦਾ ਹੋਇਆ) ਤਾਏ, ਬਾਪੂ ਮੰਗਦਾ ਪਹਿਲੇ

ਤੋੜ ਦੀ ।

ਰੌਣਕੀ : (ਆ ਬਈ ਛੋਟੇ ਸਰਦਾਰਾ) ਖੜ ਮੈਂ ਲਿਆਉਨਾ ਬੋਤਲ ਦਿੰਦਾ ਹੈ (ਉਸਨੂੰ ਅੱਲੜ ਸਮਝਦਾ ਹੋਇਆ) ਲਕੋ ਕੇ ਲੈਂ ਜਾਵੀਂ ਕਿਸੇ ਕੋਲ ਗੱਲ ਨੀ ਕਰੀਦੀ ਹੁੰਦੀ ਠੀਕ ਐ ਪੁੱਤ ।

ਜੱਸਾ : (ਝੋਲੇ 'ਚ ਪਾਉਂਦਾ ਹੋਇਆ) ਠੀਕ ਏ ਤਾਇਆ, ਠੀਕ ਏ। (ਇਕ ਪੁਰਾਣੀ ਜਿਹੀ ਸਟੂਲ ਖਿੱਚਦਾ ਹੈ ਅਤੇ ਉਹ ਇਕੋ ਮੰਜੇ ਤੇ ਦੋਵੇਂ ਜਣੇ ਬੈਠ ਜਾਂਦੇ ਹਨ। ਅਵਤਾਰ ਸਿੰਘ ਸਰਹਾਣੇ ਵਾਲੇ ਪਾਸੇ ਬੈਠਿਆ ਹੈ। ਜਰਨੈਲੋ ਪਾਣੀ ਦਾ ਜੱਗ ਅਤੇ ਦੋ ਸਟੀਲ ਦੇ ਗਿਲਾਸ ਰੱਖ ਜਾਂਦੀ ਹੈ। ਬਿੰਦਰ ਬਾਟੀ 'ਚ ਦਾਲ ਅਤੇ ਗੰਡਿਆਂ ਦਾ ਸਲਾਦ, ਨਾਲ ਹਰੀ ਮਿਰਚਾਂ ਅਤੇ ਇਕ ਨਿੰਬੂ ਪਲੇਟ 'ਚ ਰੱਖ ਕੇ ਲਿਆਂਦੀ ਹੈ।)

ਅਵਤਾਰ : (ਸਲਾਦ ਤੇ ਨਿੰਬੂ ਛਿੜਕਦਾ ਹੋਇਆ।) ਵਾਹਿਗੁਰੂ ਹੋ ਜੂ ਕੰਮ ਲੋਟ

ਜੱਸਾ : (ਝੋਲੇ 'ਚੋਂ ਬੋਤਲ ਕੱਢ ਕੇ ਪਾਲਾ ਸਿੰਘ ਨੂੰ ਫੜਾਉਂਦਾ ਹੈ) ਲੈ ਬਾਪੂ ।

ਅਵਤਾਰ ਸਿੰਘ : ਉਹ ਜਿਉਂਦਾ ਰਹਿ ਸ਼ੇਰਾ ।

ਪਾਲਾ ਸਿੰਘ : ਓ ਰਿਸ਼ਤੇਦਾਰਾ। ਆਂਡੇ ਵੀ ਮੰਗਾਈਏ ਖਾ ਲੋ ਗੇ

ਅਵਤਾਰ ਸਿੰਘ : ਅੱਜ ਬਾਬੇ ਦਾ ਦਿਨ ਬਿਗੜ ਹੀ ਗਿਆ ਪਾਲਾ ਸਿੰਆਂ ਹੁਣ ਚਾਹੇ ਆਂਡੇ ਮਗਵਾਂ ਜਾਂ ਅੰਡੇ ਦੇਣ ਵਾਲੇ । (ਹੱਸਦਾ ਹੈ)

ਪਾਲਾ ਸਿੰਘ : ਓ ਜੱਸੇ, ਓ ਪੁੱਤ ਜੱਸੇ

ਜੱਸਾ : ਹਾਂ ਬਾਪੂ !

ਪਾਲਾ ਸਿੰਘ : ਜਾ ਬਾਹਰੋਂ ਲਿਆ ਬਣਿਆ ਬਣਾਇਆ ਕੁੱਕੜ, ਆ ਦਾਲ ਵੱਲ ਅੱਖਾਂ ਕੱਢਦਾ ਤੇਰਾ ਫੁੱਫੜ।(ਉਹ ਜੱਸੇ ਨੂੰ ਦੋ ਸੌ ਰੁਪਏ ਫੜਾਉਂਦਾ ਹੈ ਅਤੇ ਜੱਸਾ ਜਾਂਦਾ ਹੈ ਅਤੇ ਥੋੜੀ ਦੇਰ ਬਾਅਦ ਸਟੇਜ ਤੇ ਮੀਟ ਨੂੰ ਵੱਡੇ ਡੋਂਗੇ 'ਚ ਪਾ ਕੇ ਪੇਸ਼ ਹੁੰਦਾ ਹੈ ਅਤੇ ਉੱਥੇ ਹੀ ਬੈਠ ਜਾਂਦਾ ਹੈ।)

ਪਾਲਾ ਸਿੰਘ : (ਬੋਤਲ ਦੇ ਹੇਠਾਂ ਕੂਹਣੀ ਮਾਰਦਾ ਹੈ ਅਤੇ ਡੱਟ ਖੋਲਦਾ ਹੋਇਆ ਇਕ ਤੁਪਕਾ ਹੇਠਾਂ ਛਿੱਟਾ ਦੇਂਦਾ ਹੈ ਅਤੇ ਫੇਰ ਗਿਲਾਸਾਂ 'ਚ ਪਾਉਂਦਾ ਹੈ। ਅਵਤਾਰ ਗਲਾਸਾਂ 'ਚ ਪਾਣੀ ਪਾਉਂਦਾ ਅਤੇ ਫੇਰ ਆਪਣਾ ਗਲਾਸ ਚੁੱਕ ਕੇ ਇਕ ਦਮ ਪੀਣ ਲੱਗਦਾ ਹੈ।)

ਪਾਲਾ ਸਿੰਘ : (ਉਸਨੂੰ ਰੋਕਦੇ ਹੋਏ) – ਰੁਕ ਜਾ ਰੁਕ ਜਾ ਪ੍ਰਾਹੋਣਾ ਸਾਹਿਬ ਅਜੇ ਅੰਗ੍ਰੇਜਾਂ ਵਾਂਗ ਚੇਰਸ ਕਰਨੀ ਬਾਕੀ ਹੈ।

ਅਵਤਾਰ : (ਛੇਤੀ ਛੇਤੀ ਗਿਲਾਸੀ ਮਿਲਾਉਂਦਾ ਹੈ ਅਤੇ ਇਕ ਦਮ ਸ਼ੜੱਪ ਕਰਕੇ ਮੀਟ ਦੀ ਬੋਟੀ ਚੁੱਕ ਲੈਂਦਾ ਹੈ) ਹੋ ਜੂ ਕੰਮ ਲੋਟ।

ਪਾਲਾ ਸਿੰਘ : (ਉਹ ਵੀ ਦਾਰੂ ਦਾ ਪੈਗ ਪੀ ਕੇ ਸਲਾਦ ਖਾਂਦਾ ਹੈ।)

ਜੱਸਾ : (ਇਹ ਸਾਰਾ ਕੁਝ ਬੜੇ ਧਿਆਨ ਨਾਲ ਵੇਖ ਰਿਹਾ ਹੈ। ਜੱਸਾ ਇਕ ਕੋਲੀ 'ਚ ਮੀਟ ਪਾ ਕੇ ਖਾਂਦਾ ਹੈ।) ਊਂ ਹੂੰ ਹੂੰ ਬਹੁਤ ਵਧਿਆ ।

ਪਾਲਾ ਸਿੰਘ : (ਦੂਜਾ ਪੈਗ ਪਾਉਂਦਾ ਹੋਇਆ) ਲੈ ਅਵਤਾਰ ਸਿਆਂ ਸਾਡੇ ਜਮਾਈ ਰਾਜਾ ਸਾਹਿਬ ਸਾਡੀਆਂ ਕਲੋਲਾਂ ਵੇਖ ਕੇ ਜਨਤਾ ਵਿਚ ਬੈਠੇ ਕਈਂ ਸਾਡੇ ਮਹਿਕਮੇ ਵਾਲਿਆਂ ਦੀ ਜੀਭ ਤਾਂ ਤਰ ਹੋ ਗਈ ਹੋਣੀ ਲਾਰਾਂ ਨਾਲ। (ਦਰਸ਼ਕਾਂ ਵੱਲ ਪੈਗ ਵਿਖਾਉਂਦਾ ਹੋਇਆ ਅੱਖਾਂ ਮਟਕਾਉਂਦਾ ਹੈ)

ਅਵਤਾਰ : ਹੋ ਜੂ ਕੰਮ ਲੋਟ । (ਦੂਜਾ ਪੈਗ ਵੀ ਖਿੱਚਦਾ ਹੈ)

ਜਰਨੈਲੋ : (ਰਸੋਈ ਵਿਚੋਂ ਜਰਨੈਲੋ ਰੋਟੀ ਬਣਾਉਂਦੀ ਹੋਈ ਜੱਸੇ ਨੂੰ ਹਾਕ ਮਾਰਦੀ ਹੈ) ਜੱਸੇ, ਓ ਜੱਸੇ।

ਜੱਸਾ : (ਹਾਂ ਬੇਬੇ) ਲੈ ਪੁੱਤ, ਮੈਂ ਰੋਟੀ ਪਕਾਉਂਨੀ ਆ ਤੂੰ ਫੜਾ ਫੜਾ ਕੇ ਆ।

ਪਾਲਾ ਸਿੰਘ : (ਤੀਜਾ ਪੈੱਗ ਪਾਉਂਦਾ ਹੋਇਆ) ਓਹ ਅਜੇ ਰਹਿਣ ਦੋ ਅਜੇ ਰੋਟੀ ਜੋਗੇ ਹੋ ਤਾਂ ਲੈਣ ਦੇਵੋ। ਜਾ ਪੁੱਤ ਪਾਣੀ ਲਿਆ ਹੋਰ।

ਜੱਸਾ : (ਪਾਣੀ ਲੈ ਕੇ ਆਉਂਦਾ ਹੈ) ਲੌ ਜੀ।

ਪਾਲਾ ਸਿੰਘ : (ਨਸ਼ੇ ਦੀ ਲੋਰ 'ਚ) ਅਵਤਾਰ ਸਿਆਂ ਘਿਓ ਮੱਲਾਂ ਨੂੰ ਸ਼ਰਾਬ ਗੱਲਾਂ ਨੂੰ।

ਅਵਤਾਰ : (ਜੱਸੇ ਦੀ ਸੇਵਾਪਾਣੀ ਤੋਂ ਖੁਸ਼ ਹੋ ਕੇ ਨਸ਼ੇ ਦੀ ਲੋਰ 'ਚ) ਲੈ ਪੁੱਤ ਤੂੰ ਵੀ ਚੱਖ ਸੋਮਰਸ ।

ਜੱਸਾ : ਨਾ ਨਾ ਫੁੱਫੜ ਮੈਂ ਨੀ ਪੀਣੀ ।

ਪਾਲਾ ਸਿੰਘ : ਓ ਦੋ ਵਕਤ ਮਿਲ ਰਹੇ ਨੇ ਇਸ ਸਮੇਂ ਨਾ ਨੀ ਕਰੀ ਦੀ ਹੁੰਦੀ।

ਜੱਸਾ : ਅਣਮੰਨੇ ਜਿਹੇ ਮਨ ਨਾਲ ਪੈਗ ਫੜਦਾ ਹੈ ।

ਅਵਤਾਰ : ਆ ਤਾਂ ਤੇਰਵਾਂ ਰਤਨ ਰਿੜਕਿਆ ਸੀ ਪੁੱਤਰ ਸਮੁੰਦਰ 'ਚੋਂ ਦੇਵਤਿਆਂ ਨੇ, ਪੀ ਜਾ ਅੱਖਾਂ ਮੀਟ ਕੇ ।

ਜਰਨੈਲੋ : (ਜਰਨੈਲੋ ਆ ਕੇ ਉਸਦੇ ਹੱਥੋਂ ਗਿਲਾਸ ਫੜ ਲੈਂਦੀ ਹੈ) ਨਾ ਨਾ ਜੀ ਮੈਂ ਆਹ ਨਹੀਂ ਹੋਣ ਦੇਣਾ। ਤੁਸੀਂ ਪੀਣੀ ਐ, ਜੀ ਸਦਕੇ ਪਰ ਆਹ ਜੱਗੋ ਤੇਰਵੀਂ ਨਾ ਕਰੋ।

ਅਵਤਾਰ : ਚਲ ਕੋਈ ਨੀ ਅਸਾਂ ਨੀ ਦੇਣੀ ।

ਪਾਲਾ ਸਿੰਘ : ਓ ਤੂੰ ਜਾ ਚਲ ਰਹਿਣ ਦੇ ਜਾ ਰੋਟੀ ਲਿਆ ਫੇਰ ਸਾਡੀ। (ਬਿਜਲੀ ਚਲੀ ਜਾਂਦੀ ਹੈ ਉਹ ਬੈਟਰੀ ਦੇ ਚਾਨਣ 'ਚ ਰੋਟੀ ਖਾਣਾ ਸ਼ੁਰੂ ਕਰਦੇ ਹਨ।)

ਅਵਤਾਰ : (ਅੰਦਰ ਰਸੋਈ ਵੱਲ ਝਾਕ ਕੇ ਜੱਸੇ ਨੂੰ ਪੈਗ ਪਾਉਂਦਾ ਹੈ।) ਲੈ ਚੱਕ ।

ਜੱਸਾ : (ਪਾਲਾ ਸਿੰਘ ਵੱਲ ਵੇਖਦਾ ਹੈ ।)

ਪਾਲਾ ਸਿੰਘ : (ਅੱਖ ਦੇ ਇਸ਼ਾਰੇ ਨਾਲ ਸਹਿਮਤੀ ਦਿੰਦਾ ਹੈ ਅਤੇ ਗਾਉਂਦਾ ਹੈ।) ਹੋ ਤੈਨੂੰ ਪੀਣਗੇ ਨਸੀਬਾਂ ਵਾਲੇ ਰੌਣਕੀ ਦੀਏ ਬੰਦ ਬੋਤਲੇ

ਅਵਤਾਰ : ਓਸੇ ਲੋਰ 'ਚ ਹੋ ਤੈਨੂੰ ਪੀਣਗੇ ਨਸੀਬਾਂ ਵਾਲੇ, ਕੰਮ ਸਾਰਾ ਲੋਟ ਹੋ ਜਾਊ। (ਉਹ ਰੋਟੀ ਖਾਣ ਲੱਗਦੇ ਹਨ। ਸਟੇਜ ਤੇ ਬੈਟਰੀ ਦਾ ਮੱਧਮ ਜਿਹਾ ਚਾਨਣ ਹੈ। ਜੱਸਾ ਰੋਟੀ ਲੈ ਕੇ ਆਉਂਦਾ ਹੈ ਅਤੇ ਚੋਰੀ ਜਿਹੀ ਹੋਰ ਪੈੱਗ ਮਾਰ ਜਾਂਦਾ ਹੈ।)

ਅਵਤਾਰ : ਬਸ ਹੁਣ ਹੋ ਜੂ ਕੰਮ ਲੋਟ । (ਫ਼ੇਰ ਗਾਉਂਦਾ ਹੈ) ਹੋ ਤੈਨੂੰ ਪੀਣਗੇ ਨਸੀਬਾਂ ਵਾਲੇ, ਕੰਮ ਸਾਰਾ ਲੋਟ ਹੋ ਜਾਊ।

ਝਾਕੀ ਦੂਜੀ

(ਜੱਸਾ, ਰਿੱਕੀ ਤੇ ਦਰਸ਼ਨ ਸਟੇਜ ਤੇ ਖੜੇ ਗੱਲਾਂ ਕਰ ਰਹੇ ਹਨ।)

ਜੱਸਾ : ਓਏ ਦਰਸ਼ਨਾਂ, ਓਏ ਰਿੱਕਿਆ ਕੱਲ ਨਜ਼ਾਰਾ ਆ ਗਿਆ ਓਏ ਨਜ਼ਾਰਾ

ਰਿੱਕੀ ਤੇ ਦਰਸ਼ਨ : (ਦੋਵੇਂ ਉਸਦੀ ਉਮਰ ਵਾਂਗੂ ਅੱਲ੍ਹੜ ਉਮਰ ਦੇ ਹਨ)

ਰਿੱਕੀ : ਤੈਨੂੰ ਕਿਹੜੇ ਹੀਰੇ ਜਵਾਹਰ ਟੱਕਰਗੇ ਨਜ਼ਾਰੇ ਨੂੰ ।

ਜੱਸਾ : ਹੀਰੇ ਜਵਾਹਰ ਕੀ ਚੀਜ ਨੇ ਮੂਰਖੋ? (ਸਸਪੈਂਸ ਬਰਕਰਾਰ ਰੱਖਦੇ ਹੋਏ) ਮੈਨੂੰ ਤਾਂ ਰਤਨ ਲੱਭਿਆ ਰਤਨ !

ਦਰਸ਼ਨ : ਕਿਸੇ ਕੁੜੀ ਨਾਲ ਵਟਸਐਪ ਦੇ ਸੈਟਿੰਗ ਹੋ ਗੀ ਲਗਦਾ?